بِسْمِ اللّٰہِ الرَّحْمٰنِ الرَّحِیْم　　نَحْمَدُہٗ وَنُصَلِّیْ عَلٰی رَسُوْلِہِ الْکَرِیْم　　وَعَلٰی عَبْدِہِ الْمَسِیْحِ الْمَوْعُوْد

لَا اِلٰہَ اِلَّا اللّٰہُ مُحَمَّدٌ رَّسُوْلُ اللّٰہ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA



Mob:9682536974,E-Mail.: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਜੰਗੇ ਓਹਦ ਦੇ ਕਿੱਸਿਆਂ ਦੇ ਹਵਾਲੇ ਨਾਲ ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਦੀ ਜੀਵਨੀ ਦੇ ਪਹਿਲੂ ਅਤੇ ਸ਼ਰਧਾਲੂਆਂ ਦਾ ਆਪ ਸੱਲਲਾਹੂ ਅਲੈਹਿ ਵਸੱਲਮ ਨਾਲ ਇਸ਼ਕ ਤੇ ਵਫ਼ਾ ਦਾ ਸੰਬੰਧ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 16 ਫ਼ਰਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਓਹਦ ਦੇ ਹਵਾਲੇ ਨਾਲ ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਦੀ ਜੀਵਨੀ ਅਤੇ ਸ਼ਰਧਾਲੂਆਂ ਦੇ ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਨਾਲ ਇਸ਼ਕ ਅਤੇ ਮੁਹੱਬਤ ਸੰਬੰਧੀ ਜ਼ਿਕਰ ਹੋ ਰਿਹਾ ਸੀ। ਇਸ ਹਵਾਲੇ ਨਾਲ ਹਜ਼ਰਤ ਖ਼ਾਰਜਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੂ ਦੀ ਸ਼ਹਾਦਤ ਦਾ ਵੀ ਜ਼ਿਕਰ ਮਿਲਦਾ ਹੈ। ਆਪ ਰਜ਼ੀ ਅੱਲਾਹ ਅੰਨਹੂ ਨੂੰ 13 ਤੋਂ ਵੱਧ ਜ਼ਖ਼ਮ ਲੱਗੇ ਸਨ ਅਤੇ ਅੰਤ ਵਿੱਚ ਸਫ਼ਵਾਨ ਬਿਨ ਉਮੱਯਾ ਨੇ ਆਪ ਨੂੰ ਸ਼ਹੀਦ ਕਰ ਦਿੱਤਾ ਸੀ। ਫ਼ਿਰ ਆਪ ਦਾ ਮੁਸਲਾ ਵੀ ਕੀਤਾ ਗਿਆ।

ਸਾਖੀ ਹੈ ਕਿ ਓਹਦ ਦੇ ਦਿਨ ਹਜ਼ਰਤ ਅੱਬਾਸ ਬਿਨ ਅਬਾਦਹ ਰਜ਼ੀ ਅੱਲਾਹ ਅੰਨਹੂ ਉੱਚੀ ਆਵਾਜ਼ ਵਿੱਚ ਕਹਿ ਰਹੇ ਸਨ ਕਿ ਹੇ ਮੁਸਲਮਾਨੋਂ ! ਰੱਬ ਅਤੇ ਆਪਣੇ ਨਬੀ ਨਾਲ ਚਿਮਟੇ ਰਹੋ। ਜੋ ਮੁਸੀਬਤ ਤੁਹਾਨੂੰ ਪਹੁੰਚੀ ਹੈ ਉਹ ਆਪਣੇ ਨਬੀ ਦੀ ਅਵਗਿਆ ਕਰਕੇ ਪਹੁੰਚੀ ਹੈ। ਉਹ ਤੁਹਾਨੂੰ ਮਦਦ ਦਾ ਵਚਨ ਦਿੰਦਾ ਸੀ। ਪਰ ਤੁਸੀਂ ਸਬਰ ਸੰਤੋਖ ਨਹੀਂ ਕੀਤਾ। ਫ਼ਿਰ ਹਜ਼ਰਤ ਅੱਬਾਸ ਬਿਨ ਅਬਾਦਹ ਰਜ਼ੀ ਅੱਲਾਹ ਅੰਨਹੂ ਨੇ ਆਪਣਾ ਖ਼ੋਦ ਅਤੇ ਆਪਣੀ ਜ਼ਿਰਾਹ ਉਤਾਰੀ ਅਤੇ ਹਜ਼ਰਤ ਖ਼ਵਾਰਜਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੂ ਨੂੰ ਪੁੱਛਿਆ ਕਿ ਕੀ ਆਪ ਨੂੰ ਇਸ ਦੀ ਜ਼ਰੂਰਤ ਹੈ ? ਖ਼ਵਾਰਜਾ ਰਜ਼ੀ ਅੱਲਾਹ ਅੰਨਹੂ ਨੇ ਕਿਹਾ, ਨਹੀਂ। ਜਿਸ ਚੀਜ਼ ਦੀ ਤੁਹਾਨੂੰ ਇੱਛਾ ਹੈ। ਉਹੀ ਮੈਂ ਵੀ ਚਾਹੁੰਣਾ ਹਾਂ ਅਰਥਾਤ ਸ਼ਹਾਦਤ। ਫ਼ਿਰ ਉਹ ਸਭ ਵਿਰੋਧੀ ਨਾਲ ਭਿੜ੍ਹ ਗਏ। ਅੱਬਾਸ ਬਿਨ ਅਬਾਦਹ ਰਜ਼ੀ ਅੱਲਾਹ ਅੰਨਹੂ ਕਹਿੰਦੇ ਸਨ ਕਿ ਸਾਡੇ ਸਾਮ੍ਹਣੇ ਜੇਕਰ ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਨੂੰ ਕੋਈ ਦੁੱਖ ਪਹੁੰਚਾ ਤਾਂ ਸਾਡਾ ਆਪਣੇ ਰੱਬ ਦੇ ਹਜ਼ੂਰ ਕੀ ਉੱਤਰ ਹੋਵੇਗਾ ਅਤੇ ਹਜ਼ਰਤ ਖ਼ਵਾਰਜਾ ਰਜ਼ੀ ਅੱਲਾਹ ਅੰਨਹੂ ਇਹ ਕਹਿੰਦੇ ਸਨ ਕਿ ਆਪਣੇ ਰੱਬ ਦੇ ਹਜ਼ੂਰ ਸਾਡੇ ਪਾਸ ਨ ਤਾਂ ਕੋਈ ਉੱਤਰ ਹੋਵੇਗਾ ਅਤੇ ਨ ਹੀ ਕੋਈ ਦਲੀਲ। ਹਜ਼ਰਤ ਅੱਬਾਸ ਬਿਨ ਅਬਾਦਹ ਰਜ਼ੀ ਅੱਲਾਹ ਅੰਨਹੂ ਨੂੰ ਸੁਫ਼ਯਾਨ ਬਿਨ ਅਬਦੁੱਸ਼ਮਸ ਸਲਮੀ ਨੇ ਸ਼ਹੀਦ ਕੀਤਾ ਅਤੇ ਖ਼ਵਾਰਜਾ ਬਿਨ ਜ਼ੈਦ ਨੂੰ ਤੀਰਾਂ ਕਰਕੇ ਸ਼ਰੀਰ ਉੱਤੇ 10 ਤੋਂ ਵੱਧ ਜ਼ਖ਼ਮ ਲੱਗੇ।

ਫ਼ਿਰ ਹਜ਼ਰਤ ਸ਼ਮਾਸ ਬਿਨ ਉਸਮਾਨ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦਾ ਜ਼ਿਕਰ ਹੈ। ਆਪ ਜੰਗੇ ਬਦਰ ਅਤੇ ਜੰਗੇ ਓਹਦ ਵਿੱਚ ਸ਼ਾਮਿਲ ਹੋਏ ਅਤੇ ਜੰਗੇ ਓਹਦ ਵਿੱਚ ਬਹੁਤ ਬਹਾਦਰੀ ਨਾਲ ਲੜ੍ਹਦੇ ਹੋਏ 34 ਸਾਲ ਦੀ ਉਮਰ ਵਿੱਚ ਸ਼ਹੀਦ ਹੋਏ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਮੈਂ ਸ਼ਮਾਸ ਬਿਨ ਉਸਮਾਨ ਨੂੰ ਢਾਲ ਵਾਂਗ ਪਾਇਆ। ਹਜ਼ਰਤ ਸ਼ਮਾਸ ਬਿਨ ਉਸਮਾਨ ਬਾਰੇ ਤਾਰੀਖ਼ ਨੇ ਅਜਿਹਾ ਕਿੱਸਾ ਸੁਰੱਖਿਅਤ ਕੀਤਾ ਹੈ, ਜੋ ਉਹਨਾਂ ਦੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਪਿਆਰ ਦੀ ਇੱਕ ਮਿਸਾਲ ਬਣ ਗਿਆ ਹੈ ਅਤੇ ਇਸਲਾਮ ਲਈ ਕੁਰਬਾਨੀ ਦੇ ਉੱਚਤਮ ਮਿਆਰ ਕਾਯਮ ਕਰਨ ਦੀ ਵੀ ਮਿਸਾਲ ਹੈ। ਜੰਗੇ ਓਹਦ ਵਿੱਚ ਜਿੱਥੇ ਹਜ਼ਰਤ ਤਲਹਾ ਦੇ ਇਸ਼ਕ ਅਤੇ ਮੁਹੱਬਤ ਦੀ ਕਥਾ ਦਾ ਜ਼ਿਕਰ ਮਿਲਦਾ ਹੈ ਕਿ ਕਿਵੇਂ ਉਹਨਾਂ ਨੇ ਆਪਣਾ ਹੱਥ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਪਵਿੱਤਰ ਚਿਹਰੇ ਦੇ ਸਾਮ੍ਹਣੇ ਰੱਖਿਆ ਕਿ ਕੋਈ ਤੀਰ ਆਪ ਨੂੰ ਨ ਲੱਗੇ। ਉੱਥੇ ਹਜ਼ਰਤ ਸ਼ਮਾਸ ਨੇ ਵੀ ਬਹੁਤ ਵੱਡਾ ਕਿਰਦਾਰ ਅਦਾ ਕੀਤਾ। ਹਜ਼ਰਤ ਸ਼ਮਾਸ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸਾਮ੍ਹਣੇ ਖੜ੍ਹੇ ਹੋ ਗਏ ਅਤੇ ਹਰ ਹਮਲਾ ਆਪਣੇ ਉੱਤੇ ਲਿਆ।

ਫ਼ਿਰ ਹਜ਼ਰਤ ਨੁਅਮਾਨ ਬਿਨ ਮਾਲਿਕ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦਾ ਜ਼ਿਕਰ ਹੈ। ਆਪ ਵੀ ਜੰਗੇ ਬਦਰ ਅਤੇ ਜੰਗੇ ਓਹਦ ਵਿੱਚ ਸ਼ਾਮਿਲ ਹੋਏ ਅਤੇ ਜੰਗੇ ਓਹਦ ਵਿੱਚ ਸ਼ਹੀਦ ਹੋਏ। ਇੱਕ ਸਾਖੀ ਅਨੁਸਾਰ ਆਪ ਨੂੰ ਸਫ਼ਵਾਨ ਬਿਨ ਉਮੱਯਾ ਨੇ ਜੱਦ ਕਿ ਇੱਕ ਦੂਜੀ ਸਾਖੀ ਅਨੁਸਾਰ ਆਪ ਨੂੰ ਅਬਾਨ ਬਿਨ ਸਈਦ ਨੇ ਸ਼ਹੀਦ ਕੀਤਾ।

ਇੱਕ ਪਰਿਵਾਰ ਦੇ ਚਾਰ ਲੋਕਾਂ ਦੀ ਸ਼ਹਾਦਤ ਦਾ ਵੀ ਜ਼ਿਕਰ ਮਿਲਦਾ ਹੈ। ਉਹਨਾਂ ਸ਼ਹੀਦਾਂ ਵਿੱਚ ਸਾਬਿਤ ਬਿਨ ਵਕਸ਼ ਰਜ਼ੀ ਅੱਲਾਹ ਅੰਨਹੁ ਅਤੇ ਉਹਨਾਂ ਦੇ ਭਰਾ ਰਫ਼ਾਆ ਬਿਨ ਵਕਸ਼ ਰਜ਼ੀ ਅੱਲਾਹ ਅੰਨਹੁ ਇੰਝ ਹੀ ਸਾਬਿਤ ਦੇ ਦੋ ਬੇਟੇ ਸਲਮਾ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੁ ਅਤੇ ਅਮਰ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੁ ਸ਼ਾਮਿਲ ਸਨ। ਉਹਨਾਂ ਸਾਰੀਆਂ ਦਾ ਸੰਬੰਧ ਅੰਨਸਾਰ ਦੇ ਕਬੀਲੇ ਬਨੂ ਅਬਦੁਲ ਅਸ਼ਹਲ ਨਾਲ ਸੀ। ਰਫ਼ਾਆ ਬਿਨ ਵਕਸ਼ ਰਜ਼ੀ ਅੱਲਾਹ ਅੰਨਹੁ ਬੁੱਢੇ ਵਿਅਕਤੀ ਸਨ। ਜਿੰਨ੍ਹਾਂ ਨੂੰ ਖ਼ਾਲਿਦ ਬਿਨ ਵਲੀਦ ਨੇ ਸ਼ਹੀਦ ਕੀਤਾ।

ਅਮਰ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੁ ਸੰਬੰਧੀ ਸਾਖੀ ਵਿੱਚ ਜ਼ਿਕਰ ਹੈ ਕਿ ਉਹ ਓਹਦ ਦੇ ਦਿਨ ਫ਼ਜਰ ਦੀ ਨਮਾਜ਼ ਦੇ ਬਾਦ ਮੁਸਲਮਾਨ ਹੋ ਗਏ ਸਨ ਅਤੇ ਉਸੇ ਦਿਨ ਮੁਸਲਮਾਨਾਂ ਨਾਲ ਜਿਹਾਦ ਕਰਦੇ ਹੋਏ ਸ਼ਹੀਦ ਹੋ ਗਏ ਸਨ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਆਪ ਦੇ ਬਾਰੇ ਫ਼ਰਮਾਇਆ ਕਿ ਅਮਰ ਬਿਨ ਸਾਬਿਤ ਰਜ਼ੀ ਅੱਲਾਹ ਜਨੱਤੀ ਹੈ।

ਇੰਝ ਹੀ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਦੇ ਜ਼ਿਕਰ ਵਿੱਚ ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੁ ਦਾ ਜ਼ਿਕਰ ਹੈ। ਤਾਰੀਖ਼ ਵਿੱਚ ਜ਼ਿਕਰ ਹੈ ਕਿ ਰੱਬ ਅਤੇ ਰਸੂਲ ਸੱਲਲਾਹੁ ਅਲੈਹਿ ਵਸੱਲਮ ਦੇ ਪਿਆਰ ਨੇ ਆਪ ਰਜ਼ੀ ਅੱਲਾਹ ਅੰਨਹੁ ਨੂੰ ਸਾਰੇ ਸੰਸਾਰ ਤੋਂ ਬੇ-ਨਿਆਜ਼ ਕਰ ਦਿੱਤਾ ਸੀ। ਉਹਨਾਂ ਨੂੰ ਜੇਕਰ ਕੋਈ ਇੱਛਾ ਸੀ ਤਾਂ ਇਹ ਕਿ ਜਾਨ ਕਿਸੇ ਤਰ੍ਹਾਂ ਰੱਬ ਦੀ ਰਾਹ ਵਿੱਚ ਕੁਰਬਾਨ ਹੋ ਜਾਵੇ। ਸੋ, ਆਪ ਦੀ ਇਹ ਇੱਛਾ ਪੂਰੀ ਹੋਈ ਅਤੇ ਓਹਦ ਦੀ ਜੰਗ ਵਿੱਚ ਆਪ ਸ਼ਹੀਦ ਹੋ ਗਏ। ਸ਼ਹਾਦਤ ਤੋਂ ਇੱਕ ਦਿਨ ਪਹਿਲਾਂ ਆਪ ਰਜ਼ੀ ਅੱਲਾਹ ਅੰਨਹੁ ਨੇ ਇਹ ਦੁਆ ਕੀਤੀ ਕਿ ਹੇ ਰੱਬ ! ਕੱਲ੍ਹ ਮੇਰੇ ਸਾਮ੍ਹਣੇ ਅਜਿਹਾ ਵਿਅਕਤੀ ਆਵੇ। ਜੋ ਹਮਲਾ ਕਰਨ ਵਿੱਚ ਸਖ਼ਤ ਹੋਵੇ ਅਤੇ ਉਸ ਦਾ ਰੋਹਬਦਾਰ ਹੋਵੇ। ਉਸ ਨਾਲ ਮੈਂ ਤੇਰੇ ਲਈ ਜੰਗ ਕਰਾਂ ਅਤੇ ਉਹ ਮੇਰੇ ਨਾਲ ਜੰਗ ਕਰੇ। ਉਹ ਮੈਨੂੰ ਕਤਲ ਕਰੇ ਅਤੇ ਮੇਰੇ ਨਕੱ ਕੰਨ ਕਟੱ ਦੇਵੇ। ਫ਼ਿਰ ਮੈਂ ਇਸ ਹਾਲ ਵਿੱਚ ਤੇਰੇ ਹਜ਼ੂਰ ਹਾਜ਼ਰ ਹੋਵਾਂ ਅਤੇ ਤੂੰ ਮੈਨੂੰ ਪੁੱਛੇ ਕਿ ਹੇ

ਅਬਦੁੱਲਾਹ ! ਕਿਸ ਦੀ ਰਾਹ ਵਿੱਚ ਤੇਰੇ ਨਕੱ ਕੰਨ ਕਟੱ ਗਏ ਤਾਂ ਮੈਂ ਕਹਾਂ, ਹੇ ਰੱਬ ! ਤੇਰੀ ਰਾਹ ਵਿੱਚ ਅਤੇ ਤੇਰੇ ਰਸੂਲ ਦੀ ਰਾਹ ਵਿੱਚ। ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਅਬਦੁੱਲਾਹ ਬਿਨ ਜਹਸ਼ ਰਜ਼ੀ ਅੱਲਾਹ ਅੰਨਹੁ ਨੂੰ ਇੱਕੋ ਕਬਰ ਵਿੱਚ ਦਫ਼ਨ ਕੀਤਾ ਗਿਆ। ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ, ਹਜ਼ਰਤ ਅਬਦੁੱਲਾਹ ਬਿਨ ਜਹਸ਼ ਰਜ਼ੀ ਅੱਲਾਹ ਅੰਨਹੁ ਦੇ ਮਾਮੇ ਸਨ ਅਤੇ ਸ਼ਹਾਦਤ ਦੇ ਸਮੇਂ ਆਪ ਦੀ ਉਮਰ 40 ਸਾਲ ਤੋਂ ਕੁੱਝ ਵੱਧ ਸੀ।

ਫ਼ਿਰ ਅਬੂ ਸਾਅਦ ਖ਼ੈਸਮਾ ਰਜ਼ੀ ਅੱਲਾਹ ਅੰਨਹੁ ਬਿਨ ਅਬੂ ਖ਼ੈਸਮਾ ਦੀ ਸ਼ਹਾਦਤ ਦਾ ਜ਼ਿਕਰ ਹੈ। ਖ਼ੈਸਮਾ ਰਜ਼ੀ ਅੱਲਾਹ ਅੰਨਹੁ ਨੇ ਓਹਦ ਦੇ ਦਿਨ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਕਿਹਾ ਕਿ ਹੇ ਅੱਲਾਹ ਦੇ ਰਸੂਲ ਸੱਲਲਾਹੁ ਅਲੈਹਿ ਵਸੱਲਮ ! ਮੈਂ ਬਦਰ ਦੀ ਜੰਗ ਵਿੱਚ ਸ਼ਾਮਿਲ ਨਹੀਂ ਹੋ ਸਕਿਆ ਅਤੇ ਰੱਬ ਦੀ ਕਸਮ ! ਮੈਂ ਉਸ ਦਾ ਇੱਛੁਕ ਸੀ। ਮੈਂ ਬਦਰ ਵਿੱਚ ਜਾਣ ਲਈ ਕੁਰਆ ਪਾਇਆ ਤਾਂ ਮੇਰੇ ਬੇਟੇ ਸਾਅਦ ਬਿਨ ਖ਼ੈਸਮਾ ਰਜ਼ੀ ਅੱਲਾਹ ਅੰਨਹੁ ਦੇ ਨਾਂ ਦਾ ਕੁਰਆ ਨਿਕਲਿਆ ਅਤੇ ਉਸ ਨੇ ਸ਼ਹਾਦਤ ਪ੍ਰਾਪਤ ਕੀਤੀ। ਮੈਂ ਸੁਪਨੇ ਵਿੱਚ ਆਪਣੇ ਪੁੱਤਰ ਨੂੰ ਸਵਰਗ ਵਿੱਚ ਬਾਗਾਂ ਅਤੇ ਨਹਿਰਾਂ ਵਿੱਚ ਘੁਮਦੇ ਬਹੁਤ ਚੰਗੇ ਹਾਲ ਵਿੱਚ ਵੇਖਿਆ। ਉਹ ਮੈਨੂੰ ਕਹਿ ਰਿਹਾ ਸੀ ਕਿ ਤੁਸੀਂ ਸਾਡੇ ਕੋਲ੍ਹ ਆ ਜਾਓ। ਅਸੀਂ ਸਵਰਗ ਵਿੱਚ ਨਾਲ ਹੋਣਗੇ। ਮੈਂ ਆਪਣੇ ਰੱਬ ਦੇ ਵਚਨਾਂ ਨੂੰ ਹੱਕ ਪਾਇਆ। ਸੋ, ਮੈਂ ਆਪਣੇ ਪੁੱਤਰ ਨਾਲ ਮੁਲਾਕਾਤ ਦਾ ਇੱਛੁਕ ਹਾਂ। ਆਪ ਸੱਲਲਾਹੁ ਅਲੈਹਿ ਵਸੱਲਮ ਦੁਆ ਕਰਨ ਕਿ ਰੱਬ ਮੈਨੂੰ ਸ਼ਹਾਦਤ ਅਤੇ ਸਵਰਗ ਵਿੱਚ ਆਪਣੇ ਪੁੱਤਰ ਦਾ ਸਾਥ ਬਖ਼ਸ਼ੇ। ਉਸ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਦੁਆ ਕੀਤੀ ਅਤੇ ਇੰਞ ਖ਼ੈਸਮਾ ਰਜ਼ੀ ਅੱਲਾਹ ਅੰਨਹੁ ਓਹਦ ਦੀ ਜੰਗ ਵਿੱਚ ਸ਼ਹੀਦ ਹੋ ਗਏ।

ਫ਼ਿਰ ਅਬਦੁੱਲਾਹ ਬਿਨ ਅਮਰ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦਾ ਜ਼ਿਕਰ ਹੈ। ਆਪ ਰਜ਼ੀ ਅੱਲਾਹ ਅੰਨਹੁ ਨੇ ਸ਼ਹਾਦਤ ਤੋਂ ਪਹਿਲਾਂ ਆਪਣੇ ਬੇਟੇ ਹਜ਼ਰਤ ਜਾਬਰ ਰਜ਼ੀ ਅੱਲਾਹ ਅੰਨਹੁ ਨੂੰ ਫ਼ਰਮਾਇਆ ਸੀ ਕਿ ਮੈਂ ਵੇਖਦਾ ਹਾਂ ਕਿ ਮੈਂ ਪਹਿਲਾਂ ਸ਼ਹੀਦ ਹੋਣ ਵਾਲਿਆਂ ਵਿੱਚੋਂ ਹੋਵਾਂਗਾ। ਮੇਰੇ ਜ਼ਿੰਮੇ ਕੁੱਝ ਕਰਜ਼ ਹੈ। ਤੁਸੀਂ ਉਹ ਅਦਾ ਕਰ ਦੇਣਾ ਅਤੇ ਆਪਣੀ ਭੈਣਾ ਨਾਲ ਚੰਗਾ ਸਲੂਕ ਕਰਨਾ। ਜਾਬਰ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਅੱਗਲੇ ਦਿਨ ਮੇਰੇ ਪਿਤਾ ਸਭ ਤੋਂ ਪਹਿਲਾਂ ਸ਼ਹੀਦ ਹੋਏ। ਕਾਫ਼ਰਾਂ ਨੇ ਉਹਨਾਂ ਦਾ ਮੁਸਲਾ ਵੀ ਕੀਤਾ ਸੀ। ਹਜ਼ਰਤ ਜਾਬਰ ਰਜ਼ੀ ਅੱਲਾਹ ਅੰਨਹੁ ਕਹਿੰਦੇ ਹਨ ਕਿ ਜੱਦ ਆਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਓਹਦ ਦੇ ਸ਼ਹੀਦਾਂ ਨੂੰ ਦਫ਼ਨ ਕਰਨ ਲਈ ਆਏ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਇਹਨਾਂ ਸ਼ਹੀਦਾਂ ਨੂੰ ਉਹਨਾਂ ਦੇ ਲੀੜ੍ਹੀਆਂ ਨਾਲ ਹੀ ਕਫ਼ਨ ਦੇ ਦਿਓ ਕਿਉਂਕਿ ਮੈਂ ਉਹਨਾਂ ਉੱਤੇ ਗਵਾਹ ਹਾਂ। ਕੋਈ ਮੁਸਲਮਾਨ ਅਜਿਹਾ ਨਹੀਂ ਜੋ ਰੱਬ ਦੀ ਰਾਹ ਵਿੱਚ ਜ਼ਖ਼ਮੀ ਕੀਤਾ ਜਾਵੇ। ਪਰ ਉਹ ਕਯਾਮਤ ਦੇ ਦਿਨ ਇੰਞ ਆਵੇਗਾ ਕਿ ਉਸ ਦਾ ਖ਼ੂਨ ਬਹਿ ਰਿਹਾ ਹੋਵੇਗਾ ਅਤੇ ਉਸ ਦਾ ਰੰਗ ਜ਼ਾਫ਼ਰਾਨ ਵਾਂਗ ਹੋਵੇਗਾ ਅਤੇ ਉਸ ਦੀ ਖ਼ੁਸ਼ਬੂ ਕਸਤੂਰੀ ਵਰਗੀ। ਅਰਥਾਤ ਇਹ ਲੋਕ ਪਿਆਰੇ ਹਨ

ਹਜ਼ਰਤ ਜਾਬਰ ਬਿਨ ਅਬਦੁੱਲਾਹ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਮੇਰੇ ਪਿਤਾ ਨੂੰ ਜੱਦ ਓਹਦ ਦੇ ਦਿਨ ਲਿਆਇਆ ਗਿਆ ਤਾਂ ਮੇਰੀ ਭੂਆ ਰੋਣ ਲੱਗੀ ਅਤੇ ਮੈਂ ਵੀ ਰੋਣ ਲੱਗਿਆ। ਲੋਕ ਮੈਨੂੰ ਰੋਕਣ ਲੱਗੇ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਮੈਨੂੰ ਨਹੀਂ ਰੋਕਿਆ। ਫ਼ਿਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਤੁਸੀਂ ਉਸ ਉੱਤੇ ਰੋ ਜਾਂ ਨ ਰੋ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਰੱਬ ਦੀ ਕਸਮ ! ਫ਼ਰਿਸ਼ਤੇ ਉਸ ਉੱਤੇ ਲਗਾਤਾਰ ਛਾਂ ਕੀਤੇ ਹੋਏ ਸਨ। ਇੱਥੇ ਤੱਕ ਕਿ ਤੁਸੀਂ ਉਸ ਨੂੰ ਦਫ਼ਨ ਕਰ ਦਿੱਤਾ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਰੱਬ ਫ਼ਰਮਾਉਂਦਾ ਹੈ ਕਿ ਜੋ ਮੁਸਲਮਾਨ ਸ਼ਹੀਦ ਹੋਣ। ਤੁਸੀਂ ਉਹਨਾਂ ਨੂੰ ਮੁਰਦਾ ਨ ਕਹੋ। ਉਹ ਰੱਬ ਦੇ ਜ਼ਿੰਦਾ ਸਿਪਾਹੀ ਹਨ ਅਤੇ ਰੱਬ ਉਹਨਾਂ ਦਾ ਜ਼ਰੂਰ ਬਦਲਾ ਲਏਗਾ।

ਜੰਗੇ ਓਹਦ ਦੇ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਕਮਜ਼ੋਰੀ ਕਰਕੇ ਬਹਿ ਕੇ ਜ਼ੌਹਰ ਦੀ ਨਮਾਜ਼ ਪੜ੍ਹਾਈ। ਆਪ ਦੇ ਪਿੱਛੇ ਸਹਾਬੀਆਂ ਨੇ ਵੀ ਬਹਿ ਕੇ ਨਮਾਜ਼ ਅਦਾ ਕੀਤੀ।

ਓਹਦ ਦੇ ਸ਼ਹੀਦਾਂ ਦੀ ਗਿਣਤੀ ਸੰਬੰਧੀ ਵਿਧਵਾਨਾਂ ਦਾ ਕਥਨ ਹੈ ਕਿ ਉਸ ਦਿਨ ਕੁੱਲ੍ਹ ਕਤਲ ਹੋਣ ਵਾਲਿਆਂ ਦੀ ਗਿਣਤੀ 70 ਸੀ। ਕੁੱਝ ਸਾਖੀਆਂ ਵਿੱਚ ਇਹ ਗਿਣਤੀ 80 ਅਤੇ 96 ਅਤੇ 49 ਤੋਂ 108 ਤੱਕ ਵੀ ਬਿਆਨ ਹੈ।

ਓਹਦ ਦੇ ਸ਼ਹੀਦਾਂ ਦੀ ਨਮਾਜ਼ ਜਨਾਜ਼ਾ ਸੰਬੰਧੀ ਇਹ ਜ਼ਿਕਰ ਮਿਲਦਾ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਓਹਦ ਦੇ ਸ਼ਹੀਦਾਂ ਦੀ ਨਮਾਜ਼ ਜਨਾਜ਼ਾ ਉਸ ਮੌਕੇ ਉੱਤੇ ਨਹੀਂ ਪੜ੍ਹੀ। ਹਜ਼ਰਤ ਇਮਾਮ ਸ਼ਾਫ਼ੀ ਬਿਆਨ ਕਰਦੇ ਹਨ ਕਿ ਸਾਖੀਆਂ ਤੋਂ ਇਹ ਗੱਲ੍ਹ ਪੱਕੇ ਤੌਰ ਉੱਤੇ ਪਤਾ ਲੱਗਦੀ ਹੈ ਕਿ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਓਹਦ ਦੇ ਸ਼ਹੀਦਾਂ ਦਾ ਜਨਾਜ਼ਾ ਨਹੀਂ ਪੜ੍ਹਿਆ। ਜਿੰਨ੍ਹਾਂ ਸਾਖੀਆਂ ਵਿੱਚ ਜ਼ਿਕਰ ਆਇਆ ਹੈ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਸ਼ਹੀਦਾਂ ਦਾ ਜਨਾਜ਼ਾ ਪੜ੍ਹਿਆ ਸੀ ਅਤੇ ਹਜ਼ਰਤ ਹਮਜ਼ਾ ਰਜ਼ੀ ਅੱਲਾਹ ਅੰਨਹੁ ਉੱਤੇ 70 ਤਕਬੀਰਾਂ ਪੜ੍ਹਿਆ ਸਨ। ਇਹ ਗੱਲ੍ਹ ਠੀਕ ਨਹੀਂ ਹੈ। ਜਿੱਥੇ ਤੱਕ ਇਸ ਸਾਖੀ ਦਾ ਸੰਬੰਧ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ 08 ਸਾਲ ਬਾਦ ਉਹਨਾਂ ਸ਼ਹੀਦਾਂ ਦਾ ਜਨਾਜ਼ਾ ਪੜ੍ਹਿਆ ਤਾਂ ਇਸ ਸਾਖੀ ਵਿੱਚ ਇਸ ਗੱਲ੍ਹ ਦਾ ਜ਼ਿਕਰ ਹੋਇਆ ਹੈ ਕਿ ਇਹ ਕਿੱਸਾ 08 ਸਾਲ ਬਾਦ ਦਾ ਹੈ।

ਖ਼ੁਤਬਾ ਜੁਮਆ ਦੇ ਅੰਤ ਉੱਤੇ ਹਜ਼ੂਰੇ ਅਨਵਰ ਨੇ ਫ਼ਰਮਾਇਆ : ਸੰਸਾਰ ਦੇ ਜੋ ਹਾਲਾਤ ਹਨ। ਉਸ ਬਾਰੇ ਵੀ ਕੁੱਝ ਕਹਾਂਗਾ। ਜੰਗ ਦੀ ਅੱਗ ਤਾਂ ਹੁਣ ਫ਼ੈਲਦੀ ਜਾ ਰਹੀ ਹੈ। ਮਨੁੱਖਤਾ ਦੇ ਤਬਾਹ ਹੋਣ ਤੋਂ ਬਚਣ ਲਈ ਹੁਣ ਬਹੁਤ ਦੁਆਵਾਂ ਦੀ ਜ਼ਰੂਰਤ ਹੈ। ਉਹ ਆਪਣੇ ਢੀਠਪੁਣੇ ਉੱਤੇ ਤੁਲੇ ਹੋਏ ਹਨ। ਹਰ ਗੱਲ੍ਹ ਉੱਤੇ ਉਹ ਕੋਈ ਨ ਕੋਈ ਬਹਾਨਾ ਲੱਭ ਕੇ ਕਹਿੰਦੇ ਹਨ ਕਿ ਇਹ ਕਾਰਨ ਹੋਇਆ, ਇਸ ਲਈ ਅਸੀਂ ਇਹ ਕੀਤਾ ਅਤੇ ਕੋਈ ਵੀ ਅਕਲ ਦੀ ਗੱਲ੍ਹ ਮੰਨਣ ਲਈ ਤਿਆਰ ਨਹੀਂ। ਸੰਸਾਰ ਦੀਆਂ ਜੋ ਬਾਕੀ ਵਿਕਸਿਤ ਸਰਕਾਰਾਂ ਹਨ। ਉਹਨਾਂ ਦੀ ਮਰਜ਼ੀ ਹੈ ਜਾਂ ਉਹਨਾਂ ਨੂੰ ਵੀ ਡਰ ਹੈ। ਇਹ ਪਹਿਲਾਂ ਆਪਣਾ ਬਿਆਨ ਇਸ ਗੱਲ੍ਹ ਉੱਤੇ ਦਿੰਦੇ ਹਨ ਕਿ ਜੰਗ ਬੰਦ ਹੋਣੀ ਚਾਹੀਦੀ ਹੈ। ਜ਼ੁਲਮ ਬੰਦ ਹੋਣਾ ਚਾਹੀਦਾ ਹੈ। ਉਸ ਦੇ ਬਾਦ ਜੱਦ ਇਸਰਾਈਲੀ ਪ੍ਰਧਾਨ ਮੰਤਰੀ ਜਾਂ ਉਹਨਾਂ ਦੀ ਸਰਕਾਰ ਬਿਆਨ ਦਿੰਦੀ ਹੈ ਤਾਂ ਉਹ ਉਸ ਦਾ ਸਮਰਥਨ ਕਰਦੇ ਹਨ। ਰੱਬ ਮੁਸਲਮਾਨਾਂ ਉੱਤੇ ਵੀ ਰਹਿਮ ਕਰੇ ਅਤੇ ਉਹਨਾਂ ਨੂੰ ਵੀ ਰੱਬ ਵੱਲ੍ਹ ਮੋੜ੍ਹੇ। ਇਹੀ ਇੱਕ ਰਾਹ ਹੈ, ਜਿਸ ਦੀ ਪਨਾਹ ਵਿੱਚ ਆ ਕੇ ਇਹ ਲੋਕ ਆਪਣੀ ਦੁਨੀਆ ਅਤੇ ਅੰਤ ਸੰਵਾਰ ਸਕਦੇ ਹਨ। ਰੱਬ ਉਹਨਾਂ ਉੱਤੇ ਰਹਿਮ ਕਰੇ ਅਤੇ ਸਾਨੂੰ ਵੀ ਦੁਆਵਾਂ ਦੀ ਤੌਫ਼ੀਕ ਬਖ਼ਸ਼ੇ ਅਤੇ ਸਾਡੇ ਉੱਤੇ ਵੀ ਰਹਿਮ ਕਰੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔